# ਆਤਮਜੀਤ ਦਾ ਨਾਟਕ 'ਪੰਚ ਨਦ ਦਾ ਪਾਣੀ'

ਡਾ. ਰਵਿੰਦਰ ਸਿੰਘ

ਰੀਡਰ, ਦਿਆਲ ਸਿੰਘ ਕਾਲਜ

ਦਿੱਲੀ ਯੂਨੀਵਰਸਿਟੀ

ਆਤਮਜੀਤ ਦਾ ਨਾਟਕ 'ਪੰਚਨਦ ਦਾ ਪਾਣੀ' ਪੰਜਾਬ ਦੇ ਮੱਧਕਾਲੀ ਇਤਿਹਾਸ ਦੀਆਂ ਅਣਛੁਹੀਆਂ ਪਰਤਾਂ ਨੂੰ ਫਰੋਲਦਾ ਹੈ। ਇਸਦੇ ਨਾਲ ਹੀ ਇਹ ਨਾਟਕ ਆਪਣੇ ਤੱਤਕਾਲੀ ਮਾਹੌਲ ਵਿਚ ਰਾਜਨੀਤਕ ਹਾਲਾਤ ਕਾਰਣ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸਥਿਤੀਆਂ ਵਿਚ ਹੋ ਰਹੀਆਂ ਤਬਦੀਲੀਆਂ ਦੀ ਪੜਤਾਲ ਵੀ ਕਰਦਾ ਹੈ। ਇਹ ਨਾਟਕ ਮੁੱਖ ਤੌਰ 'ਤੇ ਇਕ ਮੈਟਾ-ਟੈਕਸਟ ਹੈ। ਇਸਦਾ ਪ੍ਰੇਰਣਾ ਸਰੋਤ ਪੰਜਾਬੀ ਦੇ ਹੀ ਇਕ ਚਰਚਿੱਤ ਕਹਾਣੀਕਾਰ ਮਨਮੋਹਨ ਬਾਵਾ ਦੀਆਂ ਕਹਾਣੀਆਂ ਹਨ। ਮਨਮੋਹਨ ਬਾਵਾ ਦੇ ਕਹਾਣੀ ਸੰਗ੍ਰਹਿ 'ਅਜਾਤ ਸੁੰਦਰੀ' ਵਿਚ ਸ਼ਾਮਲ ਦੋ ਵੱਖੋ-ਵੱਖਰੀਆਂ ਕਹਾਣੀਆਂ 'ਨੀਲਮਾ' ਅਤੇ 'ਬਿਰਜੂ ਝੀਰ ਉਰਫ਼ ਕੁਰਬਾਨ ਅਲੀ' ਨੂੰ ਇਕੋ ਕਥਾਨਕ ਵਿਚ ਪਰੋਕੇ, ਆਤਮਜੀਤ ਨੇ ਆਪਣੇ ਨਾਟਕ 'ਪੰਚਨਦ ਦਾ ਪਾਣੀ' ਦੀ ਰਚਨਾ ਕੀਤੀ ਹੈ।

ਇਸ ਨਾਟਕ ਦਾ ਜਦ ਇਕ ਦੂਜੇ ਲੇਖਕ ਦੀਆਂ ਕਹਾਣੀਆਂ ਤੋਂ ਰੂਪ ਪਰਿਵਰਤਨ ਹੁੰਦਾ ਹੈ ਤਾਂ ਇਸ ਵਿਚ ਕਈ ਸੰਦਰਭ ਅਤੇ ਸਰੋਕਾਰ ਉਹੀ ਕਹਾਣੀ ਵਾਲੇ ਰਹਿੰਦੇ ਹਨ ਤੇ ਕੁਝ ਨਵੇਂ ਰੂਪ ਵਿਚ ਵੀ ਉੱਭਰਦੇ ਹਨ। ਇੰਝ ਹੋਣਾ ਕਿਸੇ ਵੀ ਐਸੀ ਕਿਰਤ ਇਕ ਸੁਭਾਵਕ ਲੱਛਣ ਵੀ ਹੁੰਦਾ ਹੈ ਤੇ ਜ਼ਰੂਰਤ ਵੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਇਕ ਪ੍ਰਾਪਤ ਰਚਨਾ ਉੱਪਰ ਜਦੋਂ ਕੋਈ ਦੂਜੀ ਰਚਨਾ ਸਿਰਜੀ ਜਾਂਦੀ ਹੈ ਤਾਂ ਉਸਦਾ ਪੂਰਾ ਮੁਹਾਂਦਰਾ ਮੂਲ ਰਚਨਾ ਵਾਲਾ ਹੀ ਹੋਵੇ। ਇਸ ਵਿਚ ਰੂਪਾਕਾਰ ਦਾ ਅੰਤਰ ਆਉਣਾ ਬਹੁਤ ਵੱਡਾ ਫਰਕ ਹੁੰਦਾ ਹੈ ਤੇ ਇਸਦੇ ਨਾਲ ਹੀ ਲੇਖਕ ਆਪਣੀ ਵਿਚਾਰਧਾਰਾ ਜਾਂ ਆਪਣੀ ਲੇਖਣ ਸ਼ੈਲੀ ਦੇ ਨਿਵੇਕਲੇ ਗੁਣਾਂ ਕਾਰਣ ਵੀ ਆਪਣੀ ਰਚਨਾ ਨੂੰ ਮੂਲ ਰਚਨਾ ਦੇ ਕੋਲ ਰਖਦਿਆਂ ਹੋਇਆਂ ਵੀ ਵੱਖਰੀ ਪਛਾਣ ਬਣਾ ਲੈਂਦਾ ਹੈ।

ਇਹ ਨਾਟਕ ਕਿਸੇ ਸਧਾਰਣ ਇਤਿਹਾਸਕ ਟੈਕਸਟ ਤੋਂ ਮੈਟਾ ਟੈਕਸਟ ਨਹੀਂ ਬਣਦਾ ਸਗੋਂ ਇਸਦੀ ਇਤਿਹਾਸਕਤਾ ਦਾ ਸਰੋਤ ਇਕ ਅਜਿਹੀ ਕਥਾ ਸਮੱਗਰੀ ਹੈ ਜਿਸ ਵਿਚ ਕਹਾਣੀਕਾਰ ਨੇ ਖ਼ੁਦ ਵੀ ਇਤਿਹਾਸ ਦੇ ਕੁਝ ਕੁ ਪ੍ਰਾਪਤ ਵੇਰਵਿਆਂ ਉੱਪਰ ਹੀ ਆਪਣੀ ਕਲਪਨਾ ਸ਼ਕਤੀ ਨਾਲ ਕਥਾ ਉਸਾਰ ਕੀਤਾ ਹੈ। ਅਰਥਾਤ ਮੂਲ ਰਚਨਾ ਵਿਚ ਵੀ ਇਤਿਹਾਸ ਦੀਆਂ ਕੁਝ ਹੀ ਘਟਨਾਵਾਂ ਨੂੰ ਸਿਰਜਣਾ ਦਾ ਅਧਾਰ ਬਣਾਇਆ ਗਿਆ ਹੈ ਅਤੇ ਆਤਮਜੀਤ ਨੇ ਉਸੇ ਹੀ

ਇਤਿਹਾਸਕ ਤੇ ਕਾਲਪਨਿਕ ਕਥਾ ਸਮੱਗਰੀ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦਿਆਂ ਜਾਂ ਉਸਦੀ ਤਸਦੀਕ ਕਰਦਿਆਂ ਇਸ ਨਾਟਕ ਦਾ ਅਧਾਰ ਬਣਾਇਆ ਹੈ। ਇਸੇ ਲਈ ਦੋਹਾਂ ਰਚਨਾਵਾਂ ਵਿਚਲੀ ਇਤਿਹਾਸਕਤਾ ਦੇ ਤੱਤ ਕਲਪਨਾਸ਼ੀਲ ਹੁੰਦਿਆਂ ਹੋਇਆਂ ਵੀ ਯਥਾਰਥਕ ਲਗਦੇ ਹਨ। ਇਸ ਯਥਾਰਥ ਪ੍ਰਤੀਤੀ ਦਾ ਇਕ ਕਾਰਣ ਇਹ ਵੀ ਹੈ ਕਿ ਇਤਿਹਾਸਕ ਘਟਨਾਵਾਂ ਉੱਪਰ ਅਧਾਰਿਤ ਹੁੰਦਿਆਂ ਹੋਇਆਂ ਵੀ ਇਹ ਰਚਨਾਵਾਂ ਆਪਣਾ ਸਰੋਕਾਰ ਕੁਝ ਅਜਿਹੇ ਮਸਲਿਆਂ ਨਾਲ ਜੋੜਦੀਆਂ ਹਨ ਜੋ ਇਤਿਹਾਸ ਦਾ ਹਿੱਸਾ ਭਾਵੇਂ ਨਹੀਂ ਬਣ ਸਕੇ ਪਰ ਉਸ ਸਮੇਂ ਦੀ ਹਕੀਕਤ ਨੂੰ ਜ਼ਰੂਰ ਪੇਸ਼ ਕਰਦੇ ਹਨ।

ਇਹ ਮਸਲੇ ਇਤਿਹਾਸ ਦੀ ਪੁਣਛਾਣ ਤੋਂ ਬਾਅਦ ਹੀ ਨਿੱਤਰਕੇ ਸਾਹਮਣੇ ਆ ਸਕਦੇ ਹਨ ਅਤੇ ਇਤਿਹਾਸ ਦੀਆਂ ਅਣਗੋਲ਼ੀਆਂ ਸੱਚਾਈਆਂ ਨੂੰ ਪੇਸ਼ ਕਰਨ ਲਈ ਕਾਲਪਨਿਕ ਯਥਾਰਥ ਦੀ ਸਿਰਜਣਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੇ ਯਥਾਰਥ ਦੀ ਸਿਰਜਣਾ ਕਰਦਿਆਂ ਰਚਨਾ ਆਪਣੇ ਵਰਤਮਾਨ ਨਾਲ ਸੰਵਾਦ ਵੀ ਕਰ ਰਹੀ ਹੁੰਦੀ ਹੈ ਅਤੇ ਜੁੜਦੀ ਵੀ ਜਾਪਦੀ ਹੈ:

"ਜਦੋਂ ਇਕ ਟੈਕਸਟ ਮੈਟਾਟੈਕਸਟ ਤਕ ਪਹੁੰਚਦੀ ਹੈ ਤਾਂ ਸਭ ਤੋਂ ਪਹਿਲਾਂ ਉਸਦਾ ਇਕ ਕਾਲ ਤੋਂ ਅਗਲੇਰੇ ਕਾਲ ਤੱਕ, ਅਤੀਤ ਤੋਂ ਵਰਤਮਾਨ ਤੱਕ ਇਕ ਪੁਲ ਬਣਦਾ ਹੈ। ਇਹ ਮੈਟਾਟੈਕਸਟ ਦਾ ਪ੍ਰੇਰਨਾ ਬਿੰਦੂ ਹੁੰਦਾ ਹੈ, ਇਕ ਅਵੱਸ਼ਕਤਾ। ਇਸ 'ਚੋਂ ਅਰਥਾਂ ਦਾ ਉਹ ਪਸਾਰ ਪੈਦਾ ਹੋਣ ਲਗਦਾ ਹੈ ਜਿਸਦਾ ਵਰਤਮਾਨ ਨਾਲ ਸਬੰਧ ਹੁੰਦਾ ਹੈ।"

ਜਦੋਂ ਇਸ ਨਾਟਕ ਨੂੰ ਅਸੀਂ ਇਕ ਮੈਟਾ-ਟੈਕਸਟ ਵਜੋਂ ਵਿਚਾਰਦੇ ਹਾਂ ਤਾਂ ਇਸਦੇ ਮੂਲ ਸਰੋਤ ਦੇ ਸੰਦਰਭਾਂ ਅਤੇ ਸਰੋਕਾਰਾਂ ਨੂੰ ਵੀ ਵਿਚਾਰ ਅਧੀਨ ਰਖਣਾ ਜ਼ਰੂਰੀ ਜਾਪਦਾ ਹੈ। ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ ਕਿ ਇਸ ਰਚਨਾ ਦਾ ਵੱਖਰਾਪਨ ਇਸਦੀ ਨਾਟਕੀ ਵਿਧੀ ਵਿਚ ਹੈ ਜਿਸ ਰਾਹੀਂ ਆਤਮਜੀਤ ਪੰਜਾਬ ਦੇ ਮੱਧਕਾਲੀ ਇਤਿਹਾਸਕ ਪਰਿਪੇਖ ਨੂੰ ਅਜੋਕੇ ਸਮੇਂ ਵਿਚ ਪੇਸ਼ ਕਰਕੇ ਨਵੇਂ ਅਰਥ ਪ੍ਰਦਾਨ ਕਰਨ ਦੀ ਚੇਸ਼ਟਾ ਕਰਦਾ ਹੈ। ਜਿਨ੍ਹਾਂ ਸਰੋਕਾਰਾਂ ਨੂੰ ਕਹਾਣੀਕਾਰ ਨੇ ਆਪਣੀਆਂ ਦੋ ਕਹਾਣੀਆਂ ਵਿਚ ਪੇਸ਼ ਕੀਤਾ ਹੈ ਉਨ੍ਹਾਂ ਨੂੰ ਨਾਟਕਕਾਰ ਇਕੋ ਨਾਟਕ ਦੇ ਨਾਟਕੀ ਕਾਰਜ ਦਾ ਹਿੱਸਾ ਬਣਾਕੇ ਰੂਪਮਾਨ ਕਰਦਾ ਹੈ। ਮਧਕਾਲੀ ਇਤਿਹਾਸ ਵਿਚ ਨਾਰੀ ਅਤੇ ਦਲਿਤ ਵਰਗਾਂ ਦਾ ਅਣਗੋਲਿਆ ਇਤਿਹਾਸ ਸਮਾਜ ਦੇ ਪਰਿਵਰਤਨ ਦੀ ਕਹਾਣੀ ਬਿਆਨ ਕਰਦਾ ਹੈ। 'ਅਜਾਤ ਸੁੰਦਰੀ' ਕਹਾਣੀ ਸੰਗ੍ਰਹਿ ਵਿਚ ਮਨਮੋਹਨ ਬਾਵਾ ਦਾ ਕਥਨ ਹੈ ਕਿ:

"ਮੈਂ ਆਪਣੀਆਂ ਕਹਾਣੀਆਂ ਵਿਚ ਉਹ ਕੁਝ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਬਾਰੇ ਇਨ੍ਹਾਂ ਗ੍ਰੰਥਾਂ ਵਿਚ ਚੁੱਪ ਵਰਤੀ ਗਈ ਜਾਂ ਨਿਖੇਦਾਤਮਕ ਪੱਖ ਪੇਸ਼ ਕੀਤਾ ਗਿਆ ਹੈ, ਖਾਸ ਕਰਕੇ ਆਦਿ-ਜਾਤੀਆਂ, ਸ਼ੂਦਰਾਂ, ਪਿਛੜੇ ਵਰਗ ਦੇ ਲੋਕਾਂ ਅਤੇ ਇਸਤਰੀਆਂ ਬਾਰੇ।"

ਇਥੇ ਮਨਮੋਹਨ ਬਾਵਾ ਨੇ ਭਾਰਤੀ ਆਦਿ ਗ੍ਰੰਥਾਂ ਦੇ ਅਧਾਰ 'ਤੇ ਉਸਰੀ ਹੋਈ ਸਮਾਜਕ ਵਿਵਸਥਾ ਵਿਚਲੀਆਂ ਊਣਤਾਈਆਂ ਵੱਲ ਇਸ਼ਾਰਾ ਕੀਤਾ ਹੈ। ਇਨ੍ਹਾਂ ਦੇ ਮੂਲ ਵਿਚ ਪਏ ਕਾਰਣਾਂ ਦੀ ਘੋਖ ਕਰਦਿਆਂ ਉਸਨੇ ਆਪਣਾ ਸਰੋਕਾਰ ਇਤਿਹਾਸ ਦੇ ਅਣਗੌਲੇ ਪੱਖਾਂ ਨਾਲ ਜੋੜਿਆ ਹੈ। ਇਸ ਵਿਚਲੀਆਂ ਕਹਾਣੀਆਂ ਨੂੰ ਅਧਾਰ ਬਣਾਕੇ ਜਦ ਆਤਮਜੀਤ ਇਸ ਨਾਟਕ ਦੀ ਸਿਰਜਣਾ ਕਰਦਾ ਹੈ ਤਾਂ ਉਸਦਾ ਸਰੋਕਾਰ ਮਨਮੋਹਨ ਬਾਵਾ ਵਾਂਗ ਇਨ੍ਹਾਂ ਵਰਗਾਂ ਦੀ ਸਥਿਤੀ ਨੂੰ ਪੇਸ਼ ਕਰਨ ਦਾ ਤਾਂ ਰਹਿੰਦਾ ਹੀ ਹੈ ਸਗੋਂ ਨਾਲ ਹੀ ਉਹ ਉਸ ਸਮੇਂ ਦੇ ਇਤਿਹਾਸਕ ਸੰਦਰਭ ਦੀ ਹੋਰ ਗਹਿਰਾਈ ਨਾਲ ਪੁਣਛਾਣ ਕਰਦਾ ਹੋਇਆ, ਉਨ੍ਹਾਂ ਪਰਿਸਥਿਤੀਆਂ ਲਈ ਜ਼ਿੰਮੇਵਾਰ ਕਾਰਣਾ ਦੀ ਨਿਸ਼ਾਨਦੇਹੀ ਕਰਨ ਵਲ ਵਧੇਰੇ ਰੁਚਿਤ ਹੁੰਦਾ ਹੈ। 'ਅਜਾਤ ਸੁੰਦਰੀ' ਦੀ ਭੂਮਿਕਾ ਵਿਚ ਆਤਮਜੀਤ ਨੇ ਇਨ੍ਹਾਂ ਦੋ ਕਹਾਣੀਆਂ 'ਨੀਲਮਾ' ਤੇ 'ਬਿਰਜੂ ਝੀਰ ਉਰਫ਼ ਕੁਰਬਾਨ ਅਲੀ' ਬਾਬਤ ਬਹੁਤ ਸਪਸ਼ਟ ਵਿਚਾਰ ਰੱਖੇ ਨੇ ਕਿ -

"ਇਹ ਕਹਾਣੀ ਪੰਜਾਬ ਦੇ ਇਤਿਹਾਸ ਵਿਚ, ਅਤੇ ਇਕ ਵੱਡੇ ਕੈਨਵਸ ਤੇ ਹਿੰਦੂਸਤਾਨ ਦੇ ਇਤਿਹਾਸ ਵਿੱਚ ਹੋਏ ਸਮਾਜਕ ਪਰਿਵਰਤਨਾਂ ਦੀ ਦਿਸ਼ਾ ਨੂੰ ਸਮਝਣ ਵਿਚ ਬਹੁਤ ਸਹਾਈ ਹੁੰਦੀ ਹੈ।"

ਆਤਮਜੀਤ ਦੇ ਇਸ ਕਥਨ ਤੋਂ ਇਕ ਗੱਲ ਇਹ ਵੀ ਸਪਸ਼ਟ ਹੁੰਦੀ ਹੈ ਕਿ ਉਹ ਮਨਮੋਹਨ ਬਾਵਾ ਦੀਆਂ ਕਹਾਣੀਆਂ ਤੋਂ ਪਹਿਲਾਂ ਹੀ ਪ੍ਰਭਾਵਤ ਸੀ ਤੇ ਇਸ ਨਾਟਕ ਦੀ ਸਿਰਜਣਾ ਦਾ ਬੀਜ ਵਿਚਾਰ ਵੀ ਉਸੇ ਵੇਲੇ ਉਸਦੇ ਮਨ ਵਿਚ ਪੈ ਗਿਆ ਹੋਣਾ ਹੈ। ਆਤਮਜੀਤ ਇਨ੍ਹਾਂ ਕਹਾਣੀਆਂ ਵਿਚਲੀ ਇਤਿਹਾਸਕਤਾ ਨੂੰ ਹੂਬਹੂ ਕਬੂਲ ਕਰਕੇ ਉਸ ਉੱਪਰ ਆਪਣੇ ਨਾਟਕ ਦੀ ਉਸਾਰੀ ਕਰਦਾ ਹੈ ਅਰਥਾਤ ਕਹਾਣੀਆਂ ਵਾਲੇ ਇਤਿਹਾਸਕ ਸੰਦਰਭ ਨੂੰ ਹੀ ਆਪਣੇ ਨਾਟਕ ਦੇ ਕਾਰਜ ਖੇਤਰ ਦਾ ਹਿੱਸਾ ਬਣਾਉਂਦਾ ਹੈ।

ਇਸ ਨਾਟਕ ਦਾ ਦੂਸਰਾ ਅਹਿਮ ਮੁੱਦਾ ਇਸਦੇ ਸਰੋਕਾਰਾਂ ਨਾਲ ਜੁੜਦਾ ਹੈ। ਆਤਮਜੀਤ ਦੇ ਇਸ ਨਾਟਕ ਦੇ ਸਰੋਕਾਰ ਵੀ ਬਹੁਤਾ ਕਰਕੇ ਮੂਲ ਕਹਾਣੀਆਂ ਵਾਲੇ ਹੀ ਹਨ। ਨਾਟਕ ਵਿਚ ਵੀ ਉਸ ਵੇਲੇ ਦੀ ਨਾਰੀ ਦੀ ਸਥਿਤੀ ਅਤੇ ਦਲਿਤ ਵਰਗ ਦੀ ਸਥਿਤੀ ਨੂੰ ਉਜਾਗਰ ਕੀਤਾ ਗਿਆ ਹੈ। ਇਨ੍ਹਾਂ ਵਰਗਾਂ ਦੀਆਂ ਸਮਾਜਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਦੀ ਪੜਚੋਲ ਕਰਕੇ ਸਮਾਜ ਵਿਚ ਹੋ ਰਹੀਆਂ ਤਬਦੀਲੀਆਂ ਦੇ ਕਾਰਣਾਂ ਦੀ ਤਲਾਸ਼ ਕੀਤੀ ਹੈ। ਇਥੇ

ਨਾਟਕ ਦੇ ਸਰੋਕਾਰ ਮਨਮੋਹਨ ਬਾਵਾ ਦੀਆਂ ਕਹਾਣੀਆਂ ਦੇ ਸਰੋਕਾਰਾਂ ਨਾਲ ਜੁੜ ਜਾਂਦੇ ਹਨ। ਆਤਮਜੀਤ ਇਨ੍ਹਾਂ ਦੋਹਾਂ ਸਥਿਤੀਆਂ ਨੂੰ ਘੋਖਦਿਆਂ ਉਸ ਵੇਲੇ ਦੇ ਸਮਾਜਿਕ ਪਰਿਵਰਤਨ ਦੇ ਮੂਲ ਕਾਰਣਾਂ ਦੀ ਪਛਾਣ ਕਰਦਾ ਹੈ। ਸਮਾਜ ਵਿਚ ਜਦ ਧਾਰਮਿਕ ਕੱਟੜਤਾ ਅਤੇ ਜਾਤਪਾਤ ਦੇ ਦਾਇਰੇ ਕਿਸੇ ਵਰਗ ਵਿਸ਼ੇਸ਼ ਨੂੰ ਕਸ਼ਟ ਪੁਚਾਉਂਦੇ ਹਨ ਤਾਂ ਉਨ੍ਹਾਂ ਵਰਗਾਂ ਵਿਚ ਬੇਚੈਨੀ ਵੱਧਣੀ ਲਾਜ਼ਮੀ ਹੈ ਅਤੇ ਜਦ ਵੀ ਮੌਕਾ ਮਿਲਦਾ ਹੈ ਜਾਂ ਕੋਈ ਵਿਕਲਪ ਨਜ਼ਰ ਆਉਂਦਾ ਹੈ ਤਾਂ ਸਮਾਜਕ-ਸਭਿਆਚਾਰ ਵਿਚ ਫੇਰ-ਬਦਲ ਵਾਪਰਨ ਦੀ ਗੁੰਜਾਇਸ਼ ਵੱਧ ਜਾਂਦੀ ਹੈ। ਜਿਵੇਂ ਕਿ ਆਤਮਜੀਤ ਨੇ ਬਾਵਾ ਦੀਆਂ ਕਹਾਣੀਆਂ ਦੇ ਸੰਦਰਭ ਵਿਚ ਕਿਹਾ ਹੈ ਕਿ:

"ਇਤਿਹਾਸਕ ਤੌਰ 'ਤੇ ਸਾਡੀ ਸਭ ਤੋਂ ਵੱਡੀ ਦਿਲਚਸਪੀ ਇਸ ਗੱਲ ਵਿੱਚ ਹੈ ਕਿ ਜਿਹੜਾ ਝੀਰ ਸਾਡੇ ਸਮਾਜਕ ਤਾਣੇ ਬਾਣੇ ਨੇ ਨਿਖਿੱਧ ਕਰਾਰ ਦਿੱਤਾ ਉਸ ਨੂੰ ਮੁਸਲਿਮ ਸ਼ਾਸਕ ਸਵੀਕਾਰ ਕਰਦਾ ਹੈ। ਦਿਲਾਵਰ ਖ਼ਾਨ ਤੋਂ ਪਿੱਛੋਂ ਉਹ ਗਿਆਸ-ਉੱਦ-ਦੀਨ ਤੁਗ਼ਲਕ ਕੋਲ ਵੀ ਇਕ ਵੱਡੇ ਅਹੁਦੇ 'ਤੇ ਪਹੁੰਚ ਜਾਂਦਾ ਹੈ। ਪਰ ਉਸਦੀ ਆਪਣੇ ਲੋਕਾਂ ਕੋਲੋਂ ਮਾਣ ਪ੍ਰਾਪਤ ਕਰਨ ਦੀ ਇੱਛਾ ਪੂਰੀ ਨਹੀਂ ਹੁੰਦੀ ਜਿਸ ਮਾਣ ਦਾ ਉਹ ਪੂਰੀ ਤਰ੍ਹਾਂ ਹੱਕਦਾਰ ਵੀ ਹੈ।"

......

"ਇਸੇ ਹੀ ਤਰ੍ਹਾਂ ਜਦੋਂ ਦੁਲਾਰੀ ਬਾਈ ਦਾ ਰਾਜਪੂਤ ਪਤੀ ਮਰ ਜਾਂਦਾ ਹੈ, ਤਾਂ ਉਸ ਪਾਸ ਸਤੀ ਹੋਣ ਤੋਂ ਇਲਾਵਾ ਹੋਰ ਕਈ ਚਾਰਾ ਨਹੀਂ ਸੀ ਹੋਣਾ, ਜੇ ਦਿਲਾਵਰ ਖ਼ਾਨ ਉਸ ਨਾਲ ਨਿੱਕਾਹ ਕਰ ਕੇ ਉਸ ਨੂੰ ਸਨਾਮ ਨਾ ਲੈ ਆਊਂਦਾ। ਦੋਹਾਂ ਹੀ ਹਿੰਦੂਆਂ ਨੂੰ, ਯਾਨੀ ਬਿਰਜੂ ਝੀਰ ਅਤੇ ਦੁਲਾਰੀ ਬਾਈ ਨੂੰ ਉਨ੍ਹਾਂ ਦਾ ਸਮਾਜ ਤਜ ਰਿਹਾ ਹੈ। ਤੇ 'ਦੂਸਰਾ' ਸਭਿਆਚਾਰ ਆਪਣੇ ਧਰਮ ਵਿਚ ਸ਼ਾਮਲ ਕਰਕੇ ਮਾਣ ਤੇ ਦੌਲਤ ਦੇ ਰਿਹਾ ਹੈ।"

ਆਤਮਜੀਤ ਦੇ ਉਪਰੋਕਤ ਵਿਚਾਰਾਂ ਤੋਂ ਇਸ ਨਾਟਕ ਨੂੰ ਲਿਖਣ ਲਈ ਪ੍ਰੇਰਕ ਸਮੱਸਿਆਕਾਰਾਂ ਦਾ ਪਤਾ ਚਲਦਾ ਹੈ। 'ਨੀਲਮਾ' ਅਤੇ 'ਬਿਰਜੂ ਝੀਰ ਉਰਫ਼ ਕੁਰਬਾਨ ਅਲੀ' ਦੋ ਵੱਖੋ ਵੱਖਰੀਆਂ ਕਹਾਣੀਆਂ ਹਨ ਅਤੇ ਇਨ੍ਹਾਂ ਵਿਚ ਮਸਲੇ ਵੀ ਵੱਖ ਵੱਖ ਹਨ। ਆਤਮਜੀਤ ਦੋਹਾਂ ਮਸਲਿਆਂ ਨੂੰ ਇਕੱਠਿਆਂ ਹੀ ਪੇਸ਼ ਕਰਨ ਦਾ ਉਪਰਾਲਾ ਕਰਦਾ ਹੈ। ਕਹਾਣੀ ਦੀ 'ਨੀਲਮਾ' ਜਾਂ ਨਾਟਕ ਦੀ ਪਾਤਰ 'ਨੈਲਾ' ਰਾਜਪੂਤੀ ਸ਼ਾਸਨ ਕਾਲ ਦੌਰਾਨ ਦੀਆਂ ਸਮਾਜਕ ਅਤੇ ਸਭਿਆਚਾਰਕ ਸਥਿਤੀਆਂ ਨੂੰ ਨਾਰੀ ਦੀ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦੀ ਹੈ। ਇਸ ਲਈ ਉਹ ਰਾਜਪੂਤਾਂ-ਜੱਟਾਂ ਦੀ ਸ਼ਾਨ ਦੇ ਖੋਖਲੇ ਦਾਅਵਿਆਂ ਵੱਲ ਇਸ਼ਾਰਾ ਵੀ ਕਰਦੀ ਹੈ। ਨੈਲਾ ਇਕ ਅਜਿਹੀ ਹਿੰਦੂ ਰਾਜਪੂਤ ਪਾਤਰ ਬਣਕੇ ਪੇਸ਼ ਹੁੰਦੀ ਹੈ ਜੋ ਰਾਜਪੂਤ ਸਮਾਜ-ਸਭਿਆਚਾਰ ਵਿਚਲੀਆਂ ਪਰੰਪਰਾਗਤ ਰੀਤੀਆਂ-ਕੁਰੀਤੀਆਂ ਦੀ ਗਵਾਹ ਹੈ ਅਤੇ ਉਸਨੂੰ ਆਪਣੇ ਦੰਮਖਮ ਨਾਲ ਤੋੜਨ ਦਾ ਹੀਲਾ ਵੀ ਕਰਦੀ ਹੈ।

ਉਸ ਵੇਲੇ ਰਾਜਪੂਤ ਸ਼ਾਸਕ ਸਿਰਫ ਛੋਟੀਆਂ ਛੋਟੀਆਂ ਰਿਆਸਤਾਂ ਤਕ ਹੀ ਸੀਮਤ ਹੋ ਗਏ ਸਨ ਤੇ ਤੁਗ਼ਕਲ ਉਨ੍ਹਾਂ ਉੱਪਰ ਰਾਜ ਕਰਦੇ ਸਨ ਅਤੇ ਦੂਜੇ ਪਾਸੇ ਮੰਗੋਲ ਬਾਹਰੋਂ ਹਮਲੇ ਕਰਕੇ ਰਾਜਪੂਤ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਸਨ। ਉਸੇ ਤਰ੍ਹਾਂ ਤੁਗ਼ਲਕ ਵੀ ਕਿਸੇ ਰਾਜਪੂਤ ਰਾਜੇ ਨੂੰ ਹਰਾਉਣ ਤੋਂ ਬਾਅਦ ਉਨ੍ਹਾਂ ਦੀਆਂ ਰਾਣੀਆਂ ਨੂੰ ਆਪਣੇ ਨਾਲ ਜ਼ਬਰਦਸਤੀ ਲੈ ਜਾਣ ਦੀ ਕੋਸ਼ਿਸ਼ ਕਰਦੇ ਸਨ। ਇਹੋ ਜਿਹੀ ਸਥਿਤੀ ਦਾ ਮੁਕਾਬਲਾ ਕਰਨ ਲਈ ਰਾਜਪੂਤ ਰਾਣੀਆਂ ਆਪਣੀ ਇਜ਼ੱਤ ਬਚਾਉਣ ਲਈ ਆਪਣੇ ਆਪ ਨੂੰ ਖ਼ਤਮ ਕਰ ਲੈਂਦੀਆਂ ਸਨ ਜਾਂ ਪਤੀ ਦੀ ਚਿਖ਼ਾ ਉੱਪਰ ਬੈਠ ਕੇ ਸਤੀ ਹੋ ਜਾਂਦੀਆਂ ਸਨ। ਨਾਟਕ ਵਿਚ ਰਾਣੀ ਪਦਮਣੀ ਦਾ ਜ਼ਿਕਰ ਅਤੇ ਇਕ ਔਰਤ ਨੂੰ ਸਜਾਕੇ ਸਤੀ ਕਰਾਉਣ ਲਈ ਲਿਜਾਣ ਵਾਲੇ ਦ੍ਰਿਸ਼ ਇਸੇ ਵਲ ਇਸ਼ਾਰਾ ਕਰਦੇ ਹਨ। ਪਰ ਨੈਲਾ ਇਸ ਸਥਿਤੀ ਨੂੰ ਹੋਰ ਢੰਗ ਨਾਲ ਵੇਖਦੀ ਹੈ। ਉਸਨੂੰ ਬੇਵਜਹਾ ਜਾਨ ਦੇਣ ਨਾਲੋਂ ਇਤਿਹਾਸ ਦੇ ਪਰਿਵਰਤਨ ਦਾ ਹਿੱਸਾ ਬਣਨਾ ਵਧੇਰੇ ਸਾਰਥਕ ਲਗਦਾ ਹੈ। ਇਸ ਲਈ ਫ਼ੈਸਲਾ ਲੈਣ ਵਾਸਤੇ ਉਸਨੂੰ ਆਪਣੇ ਸਮਾਜ ਦੀਆਂ ਘਿਨਾਉਣੀਆਂ ਰੀਤਾਂ ਵੀ ਮਦਦ ਕਰਦੀਆਂ ਹਨ। ਜਿਵੇਂ ਕਿ ਇਕ ਦ੍ਰਿਸ਼ ਵਿਚ ਸੰਵਾਦ ਹੈ:

"ਦੁਲਾਰੀ: ਅਸੀਂ ਰਾਜਪੂਤ ਕੁਲੀਨ ਘਰਾਂ ਵਿਚ ਜਨਮ ਲਿਐ, ਸਾਨੂੰ ਭਗਵਾਨ ਦਾ ਸ਼ੁਕਰ ਕਰਨਾ ਚਾਹੀਦਾ ਏ ਕਿ ਜੰਮਦੀਆਂ ਨਹੀਂ ਮਾਰ ਦਿੱਤੀਆਂ। ਇੰਨੇ ਸਾਲ ਮਿਲ ਗਏ ਜੀਣ ਲਈ! ਇਹੋ ਸਾਡੀ ਖ਼ੁਸ਼ਕਿਸਮਤੀ ਏ।"

ਇਸ ਤਰ੍ਹਾਂ ਨਾਟਕ ਨਾਰੀ ਦੀ ਸਥਿਤੀ ਨੂੰ ਇਕ ਪਾਸੇ ਤਾਂ ਪਰੰਪਰਾਗਤ ਰਾਜਪੂਤਾਂ ਦੇ ਸਭਿਆਚਾਰਕ ਪਿਛੋਕੜ ਰਾਹੀਂ ਪੇਸ਼ ਕਰਦਾ ਹੈ ਅਤੇ ਨਾਲ ਹੀ ਇਸ ਅੰਦਰ ਲੁਕੀ ਹੋਈ ਨਾਰੀ ਦੀ ਕਰੁਣਾਜਨਕ ਹਾਲਤ ਜ਼ਾਹਰ ਹੁੰਦੀ ਹੈ। ਨਾਰੀ ਦੀ ਹਾਲਤ ਦੀ ਅਸਲੀਅਤ ਪਿੱਛੇ ਪਏ ਰਾਜਪੂਤਾਂ ਦੀ ਸ਼ਾਨ ਦੇ ਖੋਖਲੇ ਦਾਅਵਿਆਂ ਵੱਲ ਵੀ ਇਸ਼ਾਰਾ ਹੈ ਜਿਸ ਨੂੰ ਨੈਲਾ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਜਿਸ ਨੂੰ ਉਹ ਛੱਡਣ ਦਾ ਫੈਸਲਾ ਕਰਦੀ ਹੈ। ਦੂਜੇ ਪਾਸੇ ਉਸ ਕੋਲ ਤੁਰਕਾਂ ਅਤੇ ਮੰਗੋਲਾਂ ਵਿਚਕਾਰ ਫਰਕ ਕਰਕੇ ਔਰਤ ਦੀ ਵਧੇਰੇ ਕਦਰ ਕਰਨ ਵਾਲੇ ਸਮਾਜ ਵਲ ਵੇਖਣ ਦਾ ਵਿਕਲਪ ਵੀ ਆ ਜਾਂਦਾ ਹੈ। ਮੰਗੋਲ ਸਿਰਫ ਧਾੜਵੀ ਹੀ ਰਹਿੰਦੇ ਨੇ ਅਤੇ ਨੈਲਾ ਦੀ ਭੈਣ ਨੂੰ ਵੀ ਚੁੱਕ ਕੇ ਲਿਜਾ ਚੁਕੇ ਹੁੰਦੇ ਨੇ। ਇਹੋ ਜਿਹੀ ਹਾਲਤ ਵਿਚ ਨੈਲਾ ਇਕ ਤਾਂ ਮੰਗੋਲਾਂ ਤੋਂ ਬਦਲਾ ਲੈਣ ਦਾ ਮਨ ਬਣਾਉਂਦੀ ਹੈ ਅਤੇ ਦੂਜੇ ਪਾਸੇ ਇਕ ਬਦਲਦੇ ਸਮਾਜ ਦਾ ਜੀਉਂਦਾ ਜਾਗਦਾ ਹਿੱਸਾ ਬਣਨਾ ਚਾਹੁੰਦੀ ਹੈ। ਰਾਜਪੂਤ ਸ਼ਾਸਕਾਂ ਤੋਂ ਉਹ ਪੂਰੀ ਤਰ੍ਹਾਂ ਨਿਰਾਸ਼ ਹੋ ਚੁਕੀ ਜਾਪਦੀ ਹੈ। 'ਨੀਲਮਾ' ਦੀ ਇਸ ਮਨੋ-ਸਥਿਤੀ ਨੂੰ ਕਹਾਣੀ ਵਿਚ ਵਧੇਰੇ ਵਿਸਤਾਰ ਨਾਲ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਇਨ੍ਹਾਂ ਸੱਤਰਾਂ ਤੋਂ ਸਪਸ਼ਟ ਹੈ:

"ਮੰਗੋਲਾਂ ਨੇ ਸਿਰਫ ਰਾਜਪੂਤਾਂ ਦੀ ਇੱਜ਼ਤ ਹੀ ਨਹੀਂ, ਪੰਜਾਬ ਦੀ ਆਬਰੂ ਨੂੰ ਮਿੱਟੀ 'ਚ ਰੁਲਾਇਆ ਹੈ। ਮੈਨੂੰ ਅਹਿਸਾਸ ਹੈ ਇਸ ਗੱਲ ਦਾ, ਅਤੇ ਅਫਸੋਸ ਵੀ ਕਿ ਏਨੀ ਇੱਜ਼ਤ ਰੁਲਣ ਤੋਂ ਬਾਅਦ ਵੀ ਜੇ ਮੇਰੇ ਪਿਤਾ ਅਤੇ ਸਾਕ-ਸੰਬੰਧੀ ਚੁੱਪ ਰਹਿ ਕੇ ਐਸ਼ੋ-ਅਸ਼ਰਤ ਦੀ ਜ਼ਿੰਦਗੀ ਬਸਰ ਕਰ ਰਹੇ ਹਨ, ਤਾਂ ਉਹ ਮੰਗੋਲਾਂ ਤੋਂ ਬਦਲਾ ਲੈਣ ਜੋਗੇ ਨਹੀਂ।"

ਜਾਂ

"ਕੁਝ ਵਰ੍ਹੇ ਪਹਿਲਾਂ, ਰਾਵੀ ਪਾਰ, ਜਦ ਮੰਗੋਲ ਸਾਡੇ ਜੀਜੇ ਨੂੰ ਮਾਰ ਕੇ ਅਤੇ ਭੈਣ ਗਿਆਤਰੀ ਦੇਵੀ ਨੂੰ ਚੁੱਕ ਕੇ ਲੈ ਗਏ। ਉਸ ਵੇਲੇ ਕਿਸੇ ਨੂੰ ਰਾਜਪੂਤੀ ਮਰਿਆਦਾ ਦੀ ਚਿੰਤਾ ਨੇ ਨਹੀਂ ਸਤਾਇਆ?"

ਨਾਟਕ ਵਿਚ ਇਸ ਸਥਿਤੀ ਨੂੰ ਜਿਥੇ ਨਾਟਕੀ ਕਾਰਜ ਨਾਲ ਦਰਸਾਇਆ ਗਿਆ ਹੈ ਉਥੇ 'ਨੀਲਮਾ' ਕਹਾਣੀ ਵਿਚ ਰਾਜਪੂਤ ਸਮਾਜ ਦੀ ਸਥਿਤੀ ਨੂੰ ਹੋਰ ਵੀ ਵਿਸਤਾਰ ਨਾਲ ਦੱਸਿਆ ਗਿਆ ਹੈ, ਜੋ ਕਿ ਨਾਟਕ ਦੀ ਪਿੱਠਭੂਮੀਂ ਵਿਚ ਨਜ਼ਰ ਆਉਂਦਾ ਹੈ। ਇਸਦੇ ਅਸਰ ਹੇਠ ਨਾਟਕੀ ਕਾਰਜਾਂ ਰਾਹੀਂ ਜੋ ਵਾਤਾਵਰਣ ਪੈਦਾ ਹੁੰਦਾ ਹੈ ਉਹ ਰਾਜਪੂਤਾਂ ਦੀ ਪਰੰਪਰਕ ਸੋਚ ਅਤੇ ਸਮੇਂ ਤੋਂ ਪਿੱਛੇ ਰਹਿ ਜਾਣ ਦੀ ਹਾਲਤ ਨੂੰ ਉਨ੍ਹਾਂ ਦੀ ਹਾਰ ਦਾ ਕਾਰਣ ਬਣਾਉਂਦਾ ਜਾਪਦਾ ਹੈ। ਜਿਵੇਂ ਕਿ ਕਹਾਣੀ ਵਿਚ ਇਹੋ ਜਿਹੀ ਸਥਿਤੀ ਬਾਰੇ ਲਿਖਿਆ ਇਹ ਕਥਨ:

"ਰਾਜਪੂਤ, ਰਾਜਪੂਤ ਹੀ ਹੁੰਦੇ ਹਨ। ਜੇ ਉਹ ਆਪਣੀ ਨਿੱਜੀ ਮਰਦਾਨਗੀ ਅਤੇ ਰਾਜਪੂਤੀ ਸ਼ਾਨ ਵਾਲੀ ਭਾਵੁਕਤਾ ਛੱਡ ਕੇ ਦਿਮਾਗ਼ ਨਾਲ ਜੰਗ ਕਰਨ, ਤਾਂ ਤੁਰਕ ਕਦੀ ਇਨ੍ਹਾਂ 'ਤੇ ਹਾਵੀ ਨਹੀਂ ਸੀ ਹੋ ਸਕਦੇ! ਇਹ ਹਾਲੇ ਵੀ ਅੱਜ ਤੋਂ ਇਕ ਹਜ਼ਾਰ ਵਰ੍ਹੇ ਪੁਰਾਣੀ ਪਰੰਪਰਾ ਵਾਲੀ ਲੜਾਈ ਲੜਦੇ ਆ ਰਹੇ ਸਨ! ਅੱਜ ਦੀ ਯੁਧ-ਨੀਤੀ ਅਤੇ ਯੁੱਧ ਕਲਾ ਤੋਂ ਬਿਲਕੁਲ ਬੇਖ਼ਬਰ...।"

ਇਸ ਤਰ੍ਹਾਂ ਅਸੀਂ ਵੇਖਿਆ ਕਿ ਨਾਟਕ ਵਿਚ ਨਾਰੀ ਦੀ ਸਥਿਤੀ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ ਅਤੇ ਉਸ ਵਿਚ ਸਮੇਂ ਦੇ ਨਾਲ ਪੈਦਾ ਹੋ ਰਹੀ ਚੇਤਨਾ ਨੂੰ ਵੀ ਸਪਸ਼ਟ ਕੀਤਾ ਗਿਆ ਹੈ। ਹਿੰਦੁਸਤਾਨ ਵਿਚ ਬਾਹਰੀ ਤਾਕਤਾਂ ਦੇ ਪ੍ਰਵੇਸ਼ ਮਗਰੋਂ ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਪੱਧਰ 'ਤੇ ਜੋ ਉੱਥਲ-ਪੁੱਥਲ ਹੋਈ ਉਸ ਦੇ ਕਾਰਣਾਂ ਦੀ ਘੋਖ ਕਰਨ ਦਾ ਜਤਨ ਵੀ ਕੀਤਾ ਗਿਆ ਹੈ। ਇਸੇ ਸੰਦਰਭ ਵਿਚ ਨਾਰੀ ਦੀ ਸਥਿਤੀ ਦੇ ਨਾਲ ਨਾਲ ਦਲਿਤ ਵਰਗਾਂ ਨਾਲ ਸੰਬੰਧਤ ਸਰੋਕਾਰਾਂ ਨੂੰ ਹੀ ਉਠਾਇਆ ਗਿਆ ਹੈ।

ਨਾਟਕ ਦਾ ਦੂਜਾ ਸਰੋਕਾਰ ਦਮਿਤ ਵਰਗਾਂ ਦੀ ਤੱਤਕਾਲੀ ਚੇਤਨਾ ਨੂੰ ਪਰਿਭਾਸ਼ਤ ਕਰਨ ਨਾਲ ਹੈ। ਇਸ ਮਨੋਰਥ ਲਈ ਆਤਮਜੀਤ ਨੇ 'ਅਜਾਤ ਸੁੰਦਰੀ' ਕਹਾਣੀ ਸੰਗ੍ਰਹਿ ਵਿਚੋਂ 'ਬਿਰਜੂ ਝੀਰ ਉਰਫ਼ ਕੁਰਬਾਨ ਅਲੀ' ਕਹਾਣੀ ਨੂੰ ਚੁਣਿਆ

ਹੈ। ਜਿਸ ਦਾ ਸਰੋਕਾਰ ਉਨ੍ਹਾਂ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਕਾਰਣਾਂ ਨੂੰ ਪੇਸ਼ ਕਰਨਾ ਹੈ ਜਿਸ ਨੇ ਧਰਮ ਪਰਿਵਰਤਨ ਅਤੇ ਸਮਾਜ-ਸਭਿਆਚਾਰ ਦੇ ਨਵੇਂ ਸਮੀਕਰਣਾਂ ਦੇ ਮਸਲੇ ਪੈਦਾ ਕੀਤੇ। ਵਿਦੇਸ਼ੀ ਤਾਕਤਾਂ ਨੇ ਜਦ ਹਿੰਦੁਸਤਾਨ ਉੱਪਰ ਕਬਜ਼ਾ ਕਰਨ ਦਾ ਅਮਲ ਸ਼ੁਰੂ ਕੀਤਾ ਤਾਂ ਉਹ ਆਪਣੇ ਨਾਲ ਆਪਣੀਆਂ ਵੱਖਰੀਆਂ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ ਵੀ ਲੈਕੇ ਆਏ। ਇਕ ਵੱਖਰੇ ਧਾਰਮਿਕ ਮੁੱਲਾਂ ਉੱਪਰ ਸਿਰਜਤ ਨਵੇਂ ਸਮਾਜਕ ਮੁੱਲਾਂ ਨੇ ਇਥੋਂ ਦੇ ਪਰੰਪਰਕ ਬ੍ਰਾਹਮਣਵਾਦੀ ਸਮਾਜਕ ਤਾਣੇ-ਬਾਣੇ ਦੀਆਂ ਊਣਤਾਈਆਂ ਸਾਹਮਣੇ ਕਈ ਪੱਧਰਾਂ ‘ਤੇ ਸਾਰਥਕ ਵਿਕਲਪ ਪੇਸ਼ ਕੀਤੇ।

ਜਾਤ-ਪਾਤ ਤੋਂ ਮੁਕਤ ਸਭਿਆਚਾਰ ਨੇ ਇਥੋਂ ਦੇ ਜਾਤੀਵਾਦੀ ਸਮੀਕਰਣਾਂ ਨੂੰ ਤੋੜਨ ਵਿਚ ਪਹਿਲ ਕੀਤੀ। ਹਾਲਾਂਕਿ ਬਾਹਰਲੇ ਹਮਲਾਵਰਾਂ ਦਾ ਉਦੇਸ਼ ਉਸ ਵੇਲੇ ਨਿਰੋਲ ਧਰਮ ਪ੍ਰਚਾਰ ਦਾ ਨਹੀਂ ਸਗੋਂ ਉਨ੍ਹਾਂ ਨੂੰ ਆਪਣੀਆਂ ਫ਼ੌਜਾਂ ਲਈ ਲੜਾਕਿਆਂ ਦੀ ਲੋੜ ਸੀ। ਇਸ ਸੰਦਰਭ ਵਿਚ ਜਦ ਉਸ ਵੇਲੇ ਦੇ ਦਮਿਤ ਸਮਾਜ ਨੂੰ ਆਪਣੀ ਪਛਾਣ ਪੈਦਾ ਕਰਨ ਅਤੇ ਸਿਰ ਚੁੱਕ ਕੇ ਸਦੀਆਂ ਦੀ ਦਾਸਤਾ ਤੋਂ ਨਿਜਾਤ ਪਾਉਣ ਦਾ ਮੌਕਾ ਮਿਲਿਆ ਤਾਂ ਇਸ ਨਾਲ ਰਾਜਪੂਤ ਸ਼ਾਸਕਾਂ ਦੀ ਸ਼ਕਤੀ ਨੂੰ ਢਾਹ ਲੱਗੀ ਅਤੇ ਇਥੋਂ ਦੇ ਮੂਲ ਸਵਨੀਕਾਂ ਦੀ ਵੱਡੀ ਗਿਣਤੀ ਆਪਣੀ ਵੱਖਰੀ ਪਛਾਣ ਬਨਾਉਣ ਵਲ ਰੁਚਿਤ ਹੋਈ। ਜਿਵੇਂ ਕਿ ਮਨਮੋਹਨ ਬਾਵਾ ਦੀ ਕਹਾਣੀ ਵਿਚ ਉਸਦਾ ਪਾਤਰ ਕਹਿੰਦਾ ਹੈ ਕਿ:

“ਚਾਹੇ ਮਲਿਕ ਤੁਗ਼ਲਕ ਮੇਰੇ ‘ਤੇ ਮਿਹਰਬਾਨ ਸੀ, ਪਰ ਮੇਰੀ ਤੁਅੱਲੁਕਦਾਰੀ ਉਸ ਦੀ ਮਿਹਰਬਾਨੀ ਨਾਲ ਘੱਟ ਅਤੇ ਕਿਸਮਤ ਦੇ ਹੇਰ ਫੇਰ ਨਾਲ ਜ਼ਿਆਦਾ ਸੰਬੰਧ ਰੱਖਦੀ ਹੈ। ‘ਕੁਬੜੇ ਨੂੰ ਲੱਤ’ ਵਾਲੀ ਗੱਲ ਸਮਝੋ। ਪਿੰਡ ਦੇ ਰਾਜਪੂਤਾਂ-ਜੱਟਾਂ ਨੇ ਲੱਤ ਮਾਰੀ ਤੇ ਮੈਨੂੰ ਮਿਲ ਗਈ ਤੁਅੱਲੁਕਦਾਰੀ।”

ਨਾਟਕਕਾਰ ਨੇ ਤੱਤਕਾਲੀ ਸਮਾਜਕ ਸਥਿਤੀਆਂ ਨੂੰ ਹੋਰ ਤਾਰਕਿਕ ਢੰਗ ਨਾਲ ਪੇਸ਼ ਕਰਨ ਲਈ ਰਾਜ-ਪੁਰੋਹਿਤ ਵਰਗੇ ਧਾਰਮਿਕ ਆਗੂ ਨੂੰ ਪਾਤਰ ਵਾਂਗ ਪੇਸ਼ ਕੀਤਾ ਹੈ। ਜੋ ਸਮੇਂ ਸਮੇਂ ਸਿਰ ਨਾਟਕ ਵਿਚ ਨਾਰੀ ਅਤੇ ਦਲਿਤ ਵਰਗ ਦੋਹਾਂ ਬਾਰੇ ਉਸ ਵੇਲੇ ਦੀਆਂ ਯਥਾਰਥਕ ਟਿੱਪਣੀਆਂ ਕਰਦਾ ਹੈ। ਇਹ ਟਿੱਪਣੀਆਂ ਵੀ ਨਾਟਕ ਦੇ ਸਰੋਕਾਰਾਂ ਨੂੰ ਉਘਾੜਦੀਆਂ ਹਨ ਜਿਵੇਂ ਕਿ:

“ਬਿਰਜੂ ਨਹੀਂ, ਮੈਨੂੰ ਸ਼ੂਦਰ ਕਸ਼ਟ ਦੇਂਦਾ ਏ। ਜੂਠ ਖਾਣ ਵਾਲੇ ਤੇ ਉਤਾਰ ਪਾਣ ਵਾਲੇ ਨੂੰ ਤੂੰ ਰਾਣਾ ਜੀ ਦੇ ਸਮਾਨ ਖੜਾ ਕਰ ਰਹੀਂ ਏਂ!”

ਇਹ ਉਸ ਵੇਲੇ ਦੀ ਉਹ ਕੌੜੀ ਸੱਚਾਈ ਹੈ ਜਿਸਨੇ ਸਮਾਜ ਦੇ ਇਕ ਵੱਡੇ ਵਰਗ ਨੂੰ ਧਾਰਮਿਕ ਕੱਟੜਤਾ ਅਤੇ ਜਾਤਪਾਤ ਦੇ ਤੰਗ ਨਜ਼ਰੀਏ ਕਾਰਣ ਦਬਾ ਕੇ ਰੱਖਿਆ ਸੀ। ਅਗੋਂ ਇਹੋ ਵਤੀਰਾ ਸਮਾਜ ਵਿਚ ਪਰਿਵਰਤਨ ਦਾ ਮੁੱਖ ਕਾਰਣ ਬਣਦਾ ਪ੍ਰਤੀਤ ਹੁੰਦਾ ਹੈ। ਰਾਜਪੂਤੀ ਸ਼ਾਸਨ ਕਾਲ ਵਿਚ ਮੌਜੂਦ ਜਾਤੀਵਾਦੀ ਵਿਵਸਥਾ ਦੀ ਪੈਰੋਕਾਰ ਬ੍ਰਾਹਮਣਵਾਦੀ ਕਦਰਾਂ ਕੀਮਤਾਂ ਨੇ ਦਮਿਤ ਵਰਗਾਂ ਨੂੰ ਜਾਤੀਵਾਦੀ ਵਿਵਸਥਾ ਤੋਂ ਬਾਹਰ ਨਿਕਲਣ ਦਾ ਰਾਹ ਸੁਖਾਲਾ ਕਰ ਦਿੱਤਾ:

"ਬਿਰਜੂ: ਤੁਸੀਂ ਮੇਰਾ ਫ਼ੈਸਲਾ ਬਹੁਤ ਅਸਾਨ ਕਰ ਦਿੱਤਾ ਏ। ਬਿਰਜੂ ਮਰ ਰਿਹਾ ਏ, ਇਸੇ ਵੇਲੇ ਤੁਹਾਡੇ ਸਾਹਮਣੇ। ਮੈਂ ਹੁਣ ਬਰਿੱਜ ਲਾਲ ਨਹੀਂ, ਇਸ ਲਈ ਸ਼ੂਦਰ ਵੀ ਨਹੀਂ। ਮੇਰੇ ਨਾਲ ਜ਼ਰਾ ਸੋਚ ਕੇ ਗੱਲ ਕਰਨਾ ਪੰਡਤ ਜੀ! ਮੇਰਾ ਨਾਂ ਏ ਕੁਰਬਾਨ ਅਲੀ। ਖ਼ੁਦਾ ਹਾਫ਼ਿਜ਼।"

ਇਸ ਤਰ੍ਹਾਂ ਨਾਟਕਕਾਰ ਉਸ ਵੇਲੇ ਧਰਮ ਪਰਿਵਰਤਨ ਦੇ ਸਹਿਜ ਕਾਰਣਾਂ ਵਲ ਇਸ਼ਾਰਾ ਕਰਦਾ ਹੈ ਅਤੇ ਨਾਲ ਹੀ ਨਾਰੀ ਬਾਰੇ ਰਾਜਪੂਤਾਂ ਦੀ ਇਹੋ ਜਿਹੀ ਸੋਚ ਨੂੰ ਵੀ ਇਕ ਨਵੇਂ ਧਰਮ ਵਲ ਪ੍ਰੇਰਤ ਹੋਣ ਦਾ ਕਾਰਣ ਮੰਨਿਆ ਹੈ। ਜਿਵੇਂ ਕਿ ਨਾਟਕ ਵਿਚ ਪੰਡਿਤ ਦਾ ਇਹ ਸੰਵਾਦ:

"ਨੈਲਾ: ਬਿਰਜੂ ਨੂੰ ਦੇਖਿਆ! ਅਸੀਂ ਉਸ ਨੂੰ ਦੁਰਕਾਰ ਰਹੇ ਆਂ, ਤੁਰਕ ਉਸ ਨੂੰ ਪੁਚਕਾਰ ਲੈਣਗੇ।"

ਨਾਟਕ ਵਿਚ ਨੈਲਾ ਅਤੇ ਪੰਡਿਤ ਵਿਚਕਾਰ ਬਹੁਤ ਤਿੱਖੇ ਸੰਵਾਦ ਦਰਜ ਹਨ ਜੋ ਉਸ ਵੇਲੇ ਦੇ ਪ੍ਰਚੱਲਤ ਸਮਾਜਕ ਤਾਣੇ ਬਾਣੇ ਦੀਆਂ ਊਣਤਾਈਆਂ ਨੂੰ ਉਘਾੜਦੇ ਹਨ। ਜਿਵੇਂ ਕਿ ਪੰਡਿਤ ਦੇ ਸ਼ੂਦਰਾਂ ਬਾਰੇ ਟਿੱਪਣੀ ਦੇ ਜਵਾਬ ਵਿਚ ਨੈਲਾ ਕਹਿੰਦੀ ਹੈ ਕਿ:

"ਨੈਲਾ: ਤੁਹਾਡੀ ਨੀਤੀ ਸਪਸ਼ਟ ਏ। ਚੰਡਾਲਾਂ ਨੂੰ ਖ਼ੁਸ਼ ਕਰਨ ਲਈ ਤੁਸੀਂ ਮਲੇਛ ਘੜੇ ਨੇ, ਸ਼ੂਦਰਾਂ ਨੂੰ ਚਤੁਰ ਵਰਣ ਦਾ ਝਾਂਸਾ ਦਿੱਤਾ ਹੋਇਐ। ਵੈਸ਼ਾਂ ਨੂੰ ਖ਼ੁਸ਼ ਕਰ ਦਿੱਤਾ ਸ਼ੂਦਰਾਂ ਤੋਂ ਉਤਾਂਹ ਰੱਖ ਕੇ। ਰਾਜਪੂਤਾਂ ਨੂੰ ਤੁਸੀਂ ਦਵਿਜ ਦੱਸ ਦੇਂਦੇ ਓ ਤੇ ਆਪ ਬਣ ਜਾਂਦੇ ਓ ਪੌੜੀ ਦਾ ਸਭ ਤੋਂ ਉਤਲਾ ਡੰਡਾ।"

ਇਸੇ ਤਰ੍ਹਾਂ ਪੰਡਿਤ ਨੈਲਾ ਨੂੰ ਵੀ ਚਿਤਾਵਨੀ ਦਿੰਦਾ ਹੈ ਅਰਥਾਤ ਪੰਡਿਤ ਦੇ ਰੂਪ ਵਿਚ ਉਸ ਵੇਲੇ ਮੌਜੂਦ ਧਾਰਮਿਕ ਕਦਰਾਂ ਕੀਮਤਾਂ ਨੈਲਾ ਸਾਹਮਣੇ ਆਪਣਾ ਸਮਾਜ-ਸਭਿਆਚਾਰ ਛੱਡਣ ਦੇ ਨਤੀਜੇ ਜ਼ਾਹਰ ਕਰਦਾ ਹੈ।

"ਪੰਡਿਤ: ਤੇਰੀ ਬੁੱਧੀ ਮਲੀਨ ਹੋ ਗਈ ਏ। ਪਰ ਤੈਨੂੰ ਚੇਤਾਵਨੀ ਏਂ, ਜੇ ਉਸ ਮਲੇਛ ਨਾਲ ਵਿਆਹ ਦਾ ਬੰਧਨ ਪਾਏਂਗੀ ਤਾਂ ਤੇਰੀ ਸੰਤਾਨ ਵੀ ਮਲੇਛ ਹੋਵੇਗੀ। ਸਾਡਾ ਉਸ ਨਾਲ ਕੋਈ ਸੰਬੰਧ ਨਹੀਂ ਹੋਵੇਗਾ।"

ਇਹ ਟਿੱਪਣੀਆਂ ਅਜਿਹੀਆਂ ਸਥਿਤੀਆਂ ਵਲ ਇਸ਼ਾਰਾ ਕਰਦੀਆਂ ਹਨ ਜਿਸ ਨੇ ਧਰਮਾਂ ਦੇ ਅੰਤਰ-ਵਿਰੋਧਾਂ ਨੂੰ ਸਾਹਮਣੇ ਲਿਆਂਦਾ ਅਤੇ ਬਦਲਦੀਆਂ ਪਰਿਸਥਿਤੀਆਂ ਦੇ ਹੱਕ ਵਿਚ ਇਕ ਮਾਹੌਲ ਤਿਆਰ ਕੀਤਾ। ਜਿਵੇਂ ਕਿ ਨੈਲਾ ਕਹਿੰਦੀ ਹੈ ਕਿ:

"ਨੈਲਾ: ਇਹਨਾਂ ਰੀਤਾਂ ਨੂੰ ਬਦਲਿਆ ਜਾ ਸਕਦਾ ਏ। ਤੁਰਕ ਬਦਲ ਰਹੇ ਨੇ ਇਹ ਰਸਮੋ ਰਿਵਾਜ਼।"

ਨੈਲਾ ਦਾ ਇੰਝ ਕਹਿਣਾ ਉਸ ਵੇਲੇ ਦੀ ਨਵੀਂ ਉੱਸਰ ਰਹੀ ਸਮਾਜਕ ਬਣਤਰ ਵਲ ਸੰਕੇਤ ਕਰਦਾ ਹੈ। ਜਿਸਨੂੰ ਅਗੋਂ ਚਲਕੇ ਲੋਕਾਂ ਦੀ ਪ੍ਰਵਾਨਗੀ ਵੀ ਮਿਲੀ। ਇਸੇ ਸੰਦਰਭ ਵਿਚ ਮਨਮੋਹਨ ਬਾਵਾ ਦੀ ਕਹਾਣੀ ਵਿਚ ਇਹ ਸਰੋਕਾਰ ਦਮਿਤ ਵਰਗ ਦੀ ਚੇਤਨਾ ਜਗਾਉਣ ਨਾਲ ਜੁੜਦਾ ਹੈ। ਜਿਵੇਂ ਕਿ ਕਹਾਣੀ ਵਿਚ ਅੰਕਿਤ ਹੈ ਕਿ:

"ਇਕ-ਇਕ ਕਰਕੇ ਮੈਨੂੰ ਉਨ੍ਹਾਂ ਦੀਆਂ ਵਧੀਕੀਆਂ ਵੀ ਯਾਦ ਆਉਣ ਲੱਗੀਆਂ। ਆਖ਼ਰ...ਆਖ਼ਰ ਮੇਰਾ ਕਸੂਰ ਕੀ? ਮੈਂ ਸੋਚਦਾ ਰਿਹਾ।...ਤੇ ਇਨ੍ਹਾਂ ਸੋਚਾਂ ਵਿੱਚ ਹੀ ਜਿਵੇਂ ਮੇਰੀ ਪੀੜ੍ਹੀਆਂ ਤੋਂ ਸੁੱਤੀ ਗ਼ੈਰਤ ਜਾਗ ਉੱਠੀ।"

ਇਸ ਮਾਹੌਲ ਨੂੰ ਉਸ ਵੇਲੇ ਦੀ ਸਿਆਸਤ ਨੇ ਆਪਣੇ ਹੱਕ ਵਿਚ ਭੁਗਤਾਇਆ। ਬਿਰਜੂ ਇਕ ਝੀਰ ਤੋਂ ਕਹਾਰ ਬਣਦਾ ਹੈ ਤੇ ਫਿਰ ਇਕ ਕਹਾਰ ਤੋਂ ਸੈਨਿਕ, ਸੈਨਕ ਤੋਂ ਨਿੱਜੀ ਅੰਗ-ਰੱਖਿਅਕ ਤੇ ਅੰਤ ਵਿਚ ਨੈਲਾ ਉਰਫ਼ ਕਦ ਬਾਨੋ ਦੇ ਬੇਟੇ ਸੁਲਤਾਨ ਫ਼ਿਰੋਜ਼ ਸ਼ਾਹ ਤੁਗ਼ਲਕ ਦੀ ਫ਼ੌਜ ਵਿਚ ਇਕ ਅਹਿਲਕਾਰ ਬਣ ਜਾਂਦਾ ਹੈ। ਇਹ ਉਸਦੇ ਜੀਵਨ ਦੀ ਉਹ ਪ੍ਰਾਪਤੀ ਸੀ ਜੋ ਉਹ ਧਰਮ ਪਰਿਵਰਤਨ ਕੀਤੇ ਬਗ਼ੈਰ ਸੋਚ ਵੀ ਨਹੀਂ ਸਕਦਾ ਸੀ। ਕਿਉਂਕਿ ਨਵੇਂ ਸਮਾਜ ਵਿਚ ਉਸਦੀ ਪਛਾਣ ਬਿਰਜੂ ਝੀਰ ਤੋਂ ਕੁਰਬਾਨ ਅਲੀ ਹੋ ਗਈ ਸੀ। ਨਾਟਕਕਾਰ ਨੇ ਦਮਿਤ ਅਤੇ ਨਾਰੀ ਦੀ ਸਥਿਤੀ ਨੂੰ ਸਮਾਨ ਰਖਕੇ ਦੇਖਣ ਦਾ ਉਪਰਾਲਾ ਕੀਤਾ ਹੈ ਤੇ ਇਸੇ ਲਈ ਉਹ ਬਿਰਜੂ ਨੂੰ ਨੈਲਾ ਦੀ ਸਹੇਲੀ ਦੁਲਾਰੀ ਦੇ ਨਿਕਟ ਲਿਆਉਂਦਾ ਹੈ:

"ਬਿਰਜੂ: (ਹੈਰਤ ਵਿਚ) ਤੁਸੀਂ ਰਾਜਪੂਤ ਹੋ ਕੇ ਇਕ ਨੀਚ ਨਾਲ ਇੰਨੀ ਹਮਦਰਦੀ...

ਦੁਲਾਰੀ: ਕਿਉਂਕਿ ਸਾਡੇ ਵਿਚਕਾਰ ਇਕ ਰਿਸ਼ਤਾ ਵੀ ਏ, ਜਿਸ ਦਾ ਤੈਨੂੰ ਪਤਾ ਨਹੀਂ।

ਬਿਰਜੂ: ਪਰ ਮੈਂ ਤਾਂ ਝੀਰ ਆਂ।

ਦੁਲਾਰੀ: ਇਸੇ ਲਈ ਰਿਸ਼ਤਾ ਏ। ਤੂੰ ਪਾਣੀ ਤੋਂ ਡਰਿਆ ਏਂ ਤੇ ਮੈਂ ਅੱਗ ਤੋਂ, ਸਾਡਾ ਡਰ ਦਾ ਰਿਸ਼ਤਾ ਏ। ਦੁਨੀਆਂ ਵਿਚ ਇਸ ਤੋਂ ਪੱਕਾ ਰਿਸ਼ਤਾ ਹੋਰ ਕੋਈ ਨਹੀਂ।"

ਇਸ ਵਿਚਾਰ ਨੂੰ ਨਾਟਕਕਾਰ ਨੇ ਦੋ ਕਹਾਣੀਆਂ ਨੂੰ ਇਕੋ ਨਾਟਕੀ ਕਾਰਜ ਵਿਚ ਜੋੜਨ ਦਾ ਅਧਾਰ ਵੀ ਬਣਾਇਆ ਹੈ ਅਤੇ ਇਸ ਨਾਲ ਨਾਟਕ ਵਿਚ ਨਵੇਲਕਾਪਨ ਵੀ ਆਉਂਦਾ ਹੈ। ਦੁਲਾਰੀ ਪਹਿਲਾਂ ਹੀ ਵਿਧਵਾ ਹੋਕੇ ਇਕ ਮੁਸਮਾਨ ਨਾਲ

ਵਿਆਹੀ ਜਾ ਚੁੱਕੀ ਹੈ। ਉਸ ਅੰਦਰ ਅਰਥਹੀਣ ਬਣ ਚੁੱਕੀਆਂ ਸਮਾਜਕ ਕਦਰਾਂ ਕੀਮਤਾਂ ਦੀ ਹਿਫ਼ਾਜ਼ਤ ਲਈ ਜਾਨ ਕੁਰਬਾਨ ਕਰਨ ਨਾਲੋਂ ਜ਼ਿੰਦਗੀ ਨੂੰ ਮਾਨਣ ਲਈ ਜਿਊਣ ਦੀ ਇੱਛਾ ਵਧੇਰੇ ਪ੍ਰਬੱਲ ਹੋ ਉੱਠਦੀ ਹੈ। ਇਸ ਬਾਰੇ ਨੈਲਾ ਦਾ ਸੰਵਾਦ ਬਹੁਤ ਸਾਰਥਕ ਜਾਪਦਾ ਹੈ ਕਿ:

"ਨੈਲਾ:...ਕੌਣ ਕਹਿੰਦਾ ਏ ਕਿ ਜੰਗ ਸਿਰਫ਼ ਤੁਰਕਾਂ ਤੇ ਮੰਗੋਲਾਂ ਦੀ ਹੁੰਦੀ ਏ! ਜੰਗ ਦੇ ਅਰਥ ਤਾਂ ਇਸ ਨੂੰ ਪਤਾ ਨੇ ਜਿਹੜੀ ਦੁਲਾਰੀ ਰਾਣੀ ਤੋਂ ਦੁਲਾਰੀ ਬੇਗ਼ਮ ਬਣ ਗਈ। ਧਨਪਤ ਮਰਦਾ ਏ ਤਾਂ ਇਸ ਨੂੰ ਸਿਰਫ਼ ਦਿਲਾਵਰ ਸਾਂਭ ਸਕਦਾ ਏ!

...

ਨੈਲਾ: ਪਰ ਤੁਅਲਕਾਦਾਰ ਇਹਦੀ ਚੋਣ ਨਹੀਂ। ਦੁਲਾਰੀ ਦਾ ਕਸੂਰ ਸਿਰਫ਼ ਏਨਾਂ ਏ ਕਿ ਉਹ ਜਿਊਣਾ ਚਾਹੁੰਦੀ ਏ।"

ਜਿਊਣ ਦੀ ਇੱਛਾ ਸਮਾਜ ਦੀਆਂ ਖੋਖਲੀਆਂ ਕਦਰਾਂ ਕੀਮਤਾਂ ਨੂੰ ਤੋੜਨ ਲਈ ਮਜਬੂਰ ਕਰ ਦਿੰਦੀ ਹੈ। ਰਾਜਪੂਤ ਸਮਾਜ ਵਿਚ ਜਿਥੇ ਪਤੀ ਦੀ ਮੌਤ ਤੋਂ ਬਾਅਦ ਪਤਨੀ ਨੂੰ ਆਪਣਾ ਜੀਵਨ ਖ਼ਤਮ ਕਰ ਲਈ ਮਜਬੂਰ ਕੀਤਾ ਜਾਂਦਾ ਸੀ ਤਾਂ ਇਹੋ ਜਿਹੀ ਹਾਲਤ ਵਿਚ ਨਾਰੀ ਦਾ ਵਜੂਦ ਦਮਿਤ ਵਾਂਗ ਹੈ ਜੋ ਆਪਣੀ ਮਰਜ਼ੀ ਨਾਲ ਕੁਝ ਨਹੀਂ ਕਰ ਸਕਦੀ। ਉਸਨੂੰ ਸਿਰਫ਼ ਸਮਾਜ ਦੇ ਅਸੂਲਾਂ ਦੀ ਪਾਲਣਾ ਹੀ ਕਰਨੀ ਪੈਣੀ ਹੈ। ਇਸ ਲਈ ਦੁਲਾਰੀ ਨੇ ਹਾਲਾਤ ਨੂੰ ਆਪਣੀ ਚੇਤਨ ਬੁੱਧੀ ਨਾਲ ਅਪਣਾਇਆ ਅਤੇ ਦਿਲਾਵਰ ਖ਼ਾਨ ਦੀ ਮੌਤ ਤੋਂ ਬਾਅਦ ਉਸਨੇ ਕੁਰਬਾਨ ਅਲੀ ਅਰਥਾਤ ਬਿਰਜੂ ਝੀਰ ਨੂੰ ਅਪਣਾ ਲਿਆ। ਇਸ ਤਰ੍ਹਾਂ ਇਕੋ ਤਰ੍ਹਾਂ ਦੀਆਂ ਦਮਿਤ ਸਥਿਤੀਆਂ ਦੇ ਸ਼ਿਕਾਰ ਦੋ ਵਰਗ ਜਾਗਰੂਕਾ ਵਲ ਵਧਦੇ ਜਾਪਦੇ ਹਨ। ਕਿਉਂਕਿ ਦੁਲਾਰੀ ਨੂੰ ਹੁਣ ਉਸਦੇ ਰਾਜਪੂਤੀ ਪਿਛੋਕੜ ਦਾ ਕੋਈ ਅਹੰਕਾਰ ਬਿਰਜੂ ਨੂੰ ਅਪਨਾਉਣ ਤੋਂ ਨਹੀਂ ਵਰਜਦਾ।

ਇਥੇ ਇੱਕ ਗੱਲ ਹੋਰ ਉੱਘੜਕੇ ਸਾਹਮਣੇ ਆਉਂਦੀ ਹੈ ਕਿ ਉਸ ਵੇਲੇ ਮਾਹੌਲ ਹਿੰਦੂ ਅਤੇ ਮੁਸਲਿਮ ਵਿਚਕਾਰ ਹਾਲੇ ਫਿਰਕੂ ਤਨਾਓ ਵਾਲਾ ਨਹੀਂ ਸੀ ਹੋਇਆ ਸਗੋਂ ਉਹ ਤਾਂ ਸਿਆਸਤ ਦੀ ਇਕ ਇਤਿਹਾਸਕ ਚਾਲ ਦਾ ਦੌਰ ਸੀ ਜਿਸ ਵਿਚ ਕਈ ਨਵੀਆਂ ਸਥਿਤੀਆਂ ਪੈਦਾ ਹੋ ਰਹੀਆਂ ਸਨ ਜਿਨ੍ਹਾਂ ਨੇ ਅਗੋਂ ਆਉਂਦੇ ਸਮੇਂ ਵਿਚ ਇਕ ਵੱਖਰੇ ਕਿਸਮ ਦੇ ਸਮਾਜਕ, ਸਭਿਆਚਾਰਕ ਅਤੇ ਸਿਆਸੀ ਤਾਣੇ-ਬਾਣੇ ਦੀ ਉਸਾਰੀ ਕਰਨੀ ਸੀ। ਧਰਮ ਨੇ ਸਿਆਸਤ ਦੀ ਇਕ ਖੇਡ ਬਣਨਾ ਸੀ। ਮਸਲਾ ਅਸਲ ਵਿਚ ਧਰਮ ਦਾ ਨਹੀਂ ਸਗੋਂ ਸਿਆਸਤ ਦਾ ਹੀ ਸੀ। ਜਿਵੇਂ ਕਿ ਨਾਟਕ ਦੇ ਇਸ ਵਾਰਤਾਲਾਪੀ ਟੋਟੇ ਤੋਂ ਸਪਸ਼ਟ ਹੁੰਦਾ ਹੈ:

"ਰਜਬ ਅਲੀ: ਸਲਤਨਤ ਵਿਚ ਆਮ ਹਿੰਦੂ ਘੁੜ-ਸਵਾਰੀ ਨਹੀਂ ਕਰ ਸਕਦਾ, ਨਾ ਹੀ ਹਥਿਆਰ ਰੱਖ ਸਕਦਾ ਏ। ਪਰ ਤੁਹਾਨੂੰ ਇਲਮ ਹੋਵੇਗਾ ਕਿ ਰਾਜਪੂਤਾਂ ਵਿਚ ਛੋਟੀ ਜ਼ਾਤ ਵਾਲਿਆਂ ਨੂੰ ਇਹ ਇਜਾਜ਼ਤ ਨਹੀਂ। ਅਸਲ ਵਿਚ ਇਹ ਫ਼ਰਕ ਹਿੰਦੂ ਤੇ ਮੁਸਲਿਮ ਇਖ਼ਲਾਕ ਦਾ ਨਹੀਂ, ਹਾਕਮ ਤੇ ਮਹਿਕੂਮ ਦਾ ਏ।"

ਇਸੇ ਤਰ੍ਹਾਂ ਰਜਬ ਅਲੀ ਦੀ ਇਕ ਹੋਰ ਟਿੱਪਣੀ ਹੈ ਕਿ:

"ਰਜਬ ਅਲੀ: ਜੇ ਖ਼ਲਕਤ ਬੇਵਕੂਫ਼ ਹੈ ਤਾਂ ਸਿਆਸਤ ਮਜ਼੍ਹਬ ਦਾ ਹਥਿਆਰ ਜ਼ਰੂਰ ਚਲਾਵੇਗੀ। ਮੋਮਨ ਜਾਂ ਹਿੰਦੂ, ਕੋਈ ਵੀ ਲਿਹਾਜ਼ ਨਹੀਂ ਕਰੇਗਾ, ਨਹੀਂ ਤਾਂ ਸਿਆਸਤ ਦੀ ਸ਼ਿਕਸਤ ਏ।"

ਇਹ ਅਜਿਹੀ ਟਿੱਪਣੀ ਹੈ ਜੋ ਅੱਜ ਦੇ ਸੰਦਰਭ ਵਿਚ ਵੀ ਸਾਰਥਕ ਜਾਪਦੀ ਹੈ। ਕਿਉਂਕਿ ਸਿਆਸਤ ਲਈ ਧਰਮ ਸਿਰਫ ਇਕ ਖੇਡ ਵਾਂਗ ਹੈ ਤੇ ਸਿਆਸਤਦਾਨਾਂ ਦਾ ਕੰਮ ਤਾਂ ਆਮ ਲੋਕਾਂ ਨੂੰ ਧਰਮ ਦੇ ਵਖਰੇਵਿਆਂ ਵਿਚ ਉਲਝਾਕੇ ਆਪਣੀ ਸੱਤਾ ਚਲਾਉਣਾ ਹੁੰਦਾ ਹੈ। ਇਸ ਤਰ੍ਹਾਂ ਇਹ ਨਾਟਕ ਪੰਜਾਬ ਦੀਆਂ ਜਿਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਆਪਣੇ ਨਾਟਕੀ ਕਾਰਜ ਦਾ ਅਧਾਰ ਬਣਾਉਂਦਾ ਉਨ੍ਹਾਂ ਦੇ ਪਿਛੇ ਕਾਰਜਸ਼ੀਲ ਸਿਆਸੀ ਚਾਲਬਾਜ਼ੀਆਂ ਅਜੋਕੇ ਸੰਦਰਭ ਵਿਚ ਵੀ ਮੌਜੂਦ ਨਜ਼ਰ ਆਉਂਦੀਆਂ ਹਨ। ਅਜੋਕੇ ਸਮੇਂ ਵਿਚ ਵੀ ਸਿਆਸਤ ਆਮ ਲੋਕਾਂ ਵਿਚ ਮਤਭੇਦ ਪੈਦਾ ਕਰਕੇ ਆਪਣਾ ਕੰਮ ਸਵਾਰਨ ਲਈ ਧਰਮ ਦੀ ਵਰਤੋਂ ਕਰਦੀ ਹੈ।

ਨਾਟਕ ਦੇ ਵਿਸ਼ੇ ਨੂੰ ਨਾਟਕਕਾਰ ਵਰਤਮਾਨ ਨਾਲ ਜੋੜਨ ਅਤੇ ਵਰਤਮਾਨ ਵਿਚਲੀਆਂ ਸਿਆਸੀ ਪ੍ਰਸਥਿਤੀਆਂ ਉੱਪਰ ਵਿਅੰਗ ਕਰਨ ਲਈ 'ਟੁੱਲਾ' ਤੇ 'ਠੁੱਲਾ' ਦੋ ਲੋਕਯਾਨਕ ਪਾਤਰਾਂ ਦੀ ਵਰਤੋਂ ਬਹੁਤ ਖ਼ੂਬੀ ਨਾਲ ਕਰਦਾ ਹੈ। ਇਹ ਦੋਵੇਂ ਪਾਤਰ ਨਾਟਕ ਦੀ ਮੁੱਖ ਕਹਾਣੀ ਦੇ ਨਾਲ ਨਾਲ ਸਮਕਾਲੀ ਘਟਨਾਵਾਂ ਵਲ ਸੰਕੇਤ ਕਰਦੇ ਹੋਏ ਉਨ੍ਹਾਂ ਨੂੰ ਵਿਅੰਗ ਰਾਹੀਂ ਪੇਸ਼ ਕਰਦੇ ਹਨ। ਇਸ ਨਾਲ ਨਾਟਕ ਦੀ ਰੌਚਕਤਾ ਵਿਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਇਹ ਵਿਧੀ ਨਾਟਕ ਨੂੰ ਮੂਲ ਕਹਾਣੀ ਨਾਲੋਂ ਨਿਵੇਲਕਾਪਨ ਵੀ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਅਸੀਂ ਦੇਖਿਆ ਕਿ ਇਹ ਨਾਟਕ ਭਾਵੇਂ ਇਕ ਮੈਟਾਟੈਕਸਟ ਹੈ ਅਤੇ ਆਪਣੀ ਮੂਲ ਕਹਾਣੀ ਦੇ ਸੰਦਰਭ ਅਤੇ ਸਰੋਕਾਰਾਂ ਨੂੰ ਵੀ ਉਸੇ ਤਰ੍ਹਾਂ ਹੀ ਗ੍ਰਹਿਣ ਕਰਦਾ ਹੈ ਪਰ ਆਪਣੀ ਵਿਧੀ ਪੱਖੋਂ ਇਸਨੂੰ ਕਈ ਥਾਵਾਂ ਤੇ ਨਿਵੇਕਲਾਪਨ ਪ੍ਰਦਾਨ ਕਰਦਾ ਹੋਇਆ ਆਪਣੇ ਵਿਸ਼ੇ ਪੱਖੀ ਸਰੋਕਾਰਾਂ ਨਾਲ ਪੂਰਾ ਇਨਸਾਫ਼ ਵੀ ਕਰਦਾ ਹੈ।